IJCRT.ORG ISSN : 2320-2882
INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਪੰਜਾਬੀ ਲੋਕਗੀਤਾਂ ਵਿਚ ਨਾਰੀ ਦੇ ਦੂਹਰੇ ਬਸਤੀਕਰਨ ਦੀ ਪੇਸ਼ਕਾਰੀ

# Punjabi Lokgeetan Vich Naari De Duhre Bastikaran Di Peshkaari

**ਲੱਛਮੀ ਦੇਵੀ**

ਰਿਸਰਚ ਸਕਾਲਰ, ਪੰਜਾਬੀ ਵਿਭਾਗ,

ਦਿੱਲੀ ਯੂਨੀਵਰਸਿਟੀ, ਦਿੱਲੀ।

ਉੱਨ੍ਹੀਵੀਂ ਸਦੀ ਵਿਚ ਬਰਤਾਨਵੀਂ ਸ਼ਕਤੀ ਨੇ ਸੰਸਾਰ ਦੇ ਕਈ ਦੇਸ਼ਾਂ ਉੱਤੇ ਕਬਜ਼ਾ ਕਰ ਲਿਆ ਸੀ, ਜੋ ਕਿ ਨਿਰਸੰਦੇਹ ਆਦਿਵਾਸੀ ਲੋਕਾਂ ਪ੍ਰਤੀ ਬੇਹੱਦ ਜ਼ਾਲਮ, ਵਹਿਸ਼ੀਆਨਾ ਅਤੇ ਦਮਨਕਾਰੀ ਸਾਬਤ ਹੋਇਆ। ਏਸ਼ੀਅਨ ਮੁਲਕ ਉਹਨਾਂ ਖੇਤਰਾਂ ਵਿਚੋਂ ਸਨ ਜਿਥੇ ਯੂਰਪੀਅਨ ਸ਼ਾਸਨ ਕਰਨ ਦੇ ਨਾਲ-ਨਾਲ ਮੂਲਵਾਸੀਆਂ ਦਾ ਸ਼ੋਸ਼ਣ ਅਤੇ ਉਹਨਾਂ ਦੀਆਂ ਜ਼ਮੀਨਾਂ/ਕੁਦਰਤੀ ਸਾਧਨਾਂ ’ਤੇ ਕਬਜ਼ਾ ਵੀ ਕਰਦੇ ਸਨ। ਅਜਿਹੇ ਹਾਲਤਾਂ ਵਿਚ ਏਸ਼ੀਅਨ ਔਰਤਾਂ ਨੂੰ ਹੋਰ ਵੀ ਖ਼ਮਿਆਜ਼ਾ ਭੁਗਤਣਾ ਪਿਆ ਕਿਉਂਕਿ ਉਹਨਾਂ ਨੇ ਪਿੱਤਰਕੀ ਸੱਤਾ ਦੁਆਰਾ ਸਥਾਪਿਤ ਕਦਰਾਂ-ਕੀਮਤਾਂ ਸਦਕਾ ਉਸ ਪੱਧਰ ਦਾ ਅਨੁਭਵ ਕੀਤਾ ਜਿਸ ਕਾਰਨ ਉਹਨਾਂ ਲਈ ਪਿਤਰੀ ਸਮਾਜ ਆਪਣੇ ਆਪ ਵਿਚ ਇਕ ਬਸਤੀਵਾਦ ਸੀ। ਲੋਕ ਸਾਹਿਤ ਅਤੇ ਜ਼ੁਬਾਨੀ ਬਿਰਤਾਂਤਾਂ ਵਿਚੋਂ ਹਾਸ਼ੀਆਗਤ ਧਿਰਾਂ ਦੀ ਉਸ ਚੇਤਨਾ ਨੂੰ ਪਛਾਣਿਆ ਜਾ ਸਕਦਾ ਹੈ ਜਿਸ ਨੂੰ ਬਸਤੀਵਾਦੀ ਦੌਰ ਦੀ ਇਤਿਹਾਸਕਾਰੀ ਵਿਚੋਂ ਖ਼ਾਰਜ ਕੀਤਾ ਗਿਆ ਹੈ। ਬਸਤੀਵਾਦੀ ਦੌਰ ਵਿਚ ਇਹਨਾਂ ਹਾਸ਼ੀਆਗਤ ਸਮੂਹਾਂ ਦੇ ਰਚੇ ਹੋਏ ਗੀਤਾਂ ਅਤੇ ਕਵਿਤਾਵਾਂ ਵਿਚੋਂ ਉਹ ਸਥਿਤੀ ਪਛਾਣੀ ਜਾ ਸਕਦੀ ਹੈ, ਜਿਸ ਰਾਹੀਂ ਹਾਸ਼ੀਏ ’ਤੇ ਵਿਚਰ ਰਹੇ ਇਹ ਸਮਾਜਿਕ ਸਮੂਹ ਬਰਤਾਨਵੀ ਬਸਤੀਵਾਦ ਨੂੰ ਮੁਖ਼ਾਤਬ ਹੁੰਦੇ ਹਨ।[1] ਇਸ ਮੰਤਵ ਲਈ ਉਤਰਬਸਤੀਵਾਦੀ ਨਾਰੀਵਾਦੀ ਸਿਧਾਂਤ ਦੀ ਵਰਤੋਂ ਇਹ ਜਾਂਚ ਕਰਨ ਲਈ ਕੀਤੀ ਜਾਂਦੀ ਹੈ ਕਿ ਭਾਰਤੀ ਔਰਤ ਬਸਤੀਵਾਦ ਅਤੇ ਪਿੱਤਰਸੱਤਾ ਦੀ ਦੂਹਰੀ ਅਧੀਨਗੀ ਹੇਠ ਬਸਰ-ਬੁਰਦਨ ਕਰਦੀ ਰਹੀ ਹੈ। ਇਸ ਨੁਕਤਾ ਨਿਗਾਹ ਤੋਂ ਯੂਰਪੀਅਨ ਬਸਤੀਵਾਦ ਦੇ ਸਮੇਂ ਦੌਰਾਨ ਸਿਰਜੇ ਗਏ ਲੋਕਗੀਤਾਂ ਵਿਚ ਔਰਤਾਂ ਉੱਤੇ ਜ਼ੁਲਮ ਜਾਂ ਦਮਨ ਦੇ ਵੱਖੋ-ਵੱਖ ਰੂਪਾਂ ਦਾ ਵਿਸ਼ਲੇਸ਼ਣ ਕਰਨ ਲਈ ‘ਦੂਹਰਾ ਬਸਤੀਵਾਦ’ ਦੇ ਸਿਧਾਂਤ ਦੀ ਵਰਤੋਂ ਕੀਤੀ ਗਈ ਹੈ।

ਦੂਹਰਾ ਬਸਤੀਵਾਦ ਦੀ ਧਾਰਨਾ 1980 ਦੇ ਦਹਾਕੇ ਵਿਚ ਉਤਰਬਸਤੀਵਾਦੀ ਅਤੇ ਨਾਰੀਵਾਦੀ ਪ੍ਰਵਚਨਾਂ ਦਾ ਇਕ “ਕੈਚ-ਵਾਕੰਸ਼” (catch-phrase) ਬਣ ਗਈ।[2] ਔਰਤਾਂ ਦੂਹਰੇ ਬਸਤੀਵਾਦ ਤੋਂ ਪੀੜ੍ਹਤ ਹਨ ਕਿਉਂਕਿ ਉਹ ਇੱਕੋ ਸਮੇਂ ਬਸਤੀਵਾਦ ਅਤੇ ਪਿੱਤਰਸੱਤਾ ਦੇ ਜ਼ੁਲਮ ਦਾ ਅਨੁਭਵ ਕਰਦੀਆਂ ਹਨ ਕਿਉਂਕਿ ਉਹਨਾਂ ਨੂੰ ਨਾ ਸਿਰਫ਼ ਬਸਤੀਵਾਦੀ ਵਿਸ਼ੇ ਵਜੋਂ ਹੀ, ਸਗੋਂ ਔਰਤਾਂ ਵਜੋਂ ਵੀ ਬਸਤੀਵਾਦੀ ਨਿਯੰਤਰਣ ਦਾ ਵਿਰੋਧ ਕਰਨਾ ਪੈਂਦਾ ਹੈ। ‘ਦੂਹਰਾ ਬਸਤੀਵਾਦ’ ਦੇ ਸੰਕਲਪ ਨੂੰ ਸਿਧਾਂਤਕ ਤੌਰ ’ਤੇ ਹੋਲਸਟ-ਪੀਟਰਸਨ ਅਤੇ ਐਨਾ ਰਦਰਫੋਰਡ ਦੁਆਰਾ ਸੰਪਾਦਿਤ ਪੁਸਤਕ ‘A Double Colonization: Colonial and Post-Colonial Women’s Writing’ (1985) ਰਾਹੀਂ ਪੇਸ਼ ਕੀਤਾ ਗਿਆ ਸੀ। ਇਹ ਸੰਕਲਪ ਬਸਤੀਵਾਦੀ ਅਤੇ

ਉਤਰਬਸਤੀਵਾਦੀ ਸਮਿਆਂ ਵਿੱਚ ਔਰਤਾਂ ਦੀ ਸਮਾਜਿਕ ਸਥਿਤੀ ਨਾਲ ਸੰਬੰਧਤ ਹੈ। ਉਤਰਬਸਤੀਵਾਦੀ ਚਿੰਤਕਾਂ ਅਤੇ ਨਾਰੀਵਾਦੀ ਸਿਧਾਂਤਕਾਰਾਂ ਨੇ ਦੂਹਰੇ ਬਸਤੀਵਾਦ ਦੀ ਪੜ੍ਹਤ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਏਸ਼ੀਅਨ ਔਰਤਾਂ ਪਿੱਤਰਕੀ ਪ੍ਰਬੰਧ ਅਤੇ ਬਸਤੀਵਾਦੀ ਸਾਮਰਾਜ ਦੇ ਅਧੀਨ ਦੂਹਰੇ ਰੂਪ ਵਿਚ ਜ਼ੁਲਮਾਂ ਦਾ ਸ਼ਿਕਾਰ ਹੁੰਦੀਆਂ ਹਨ।[3] ਇਹ ਔਰਤ ਦੀ ਸਥਿਤੀ ’ਤੇ ਸ਼ਾਸਿਤ ਪਿੱਤਰਸੱਤਾ ਅਤੇ ਬਸਤੀਵਾਦ ਨਾਂ ਦੇ ਦੋ ਰੂਪਾਂ ਨੂੰ ਦਰਸਾਉਂਦਾ ਹੈ ਜਿਹਨਾਂ ਦੀ ਅਧੀਨਗੀ ਵਿਚ ਬਸਤੀਵਾਦੀ ਦੇਸ਼ਾਂ ਦੀਆਂ ਔਰਤਾਂ ਆਪਣੀ ਨਸਲ ਅਤੇ ਲਿੰਗ ਕਾਰਨ ਦੂਹਰੇ ਜ਼ੁਲਮ ਦਾ ਸ਼ਿਕਾਰ ਹੋਈਆਂ ਹਨ। ਇਸ ਤੋਂ ਇਲਾਵਾ ਇਹ ਸ਼ਬਦ ਬਸਤੀਵਾਦੀ ਸਮਾਜਾਂ ਦੇ ਅੰਦਰ ਹਾਸ਼ੀਏ ’ਤੇ ਧੱਕੇ ਸਮੂਹਾਂ ਦੇ ਮੈਂਬਰਾਂ, ਆਦਿਵਾਸੀ ਘੱਟਗਿਣਤੀਆਂ ਦੇ ਮਾਮਲੇ ਅਤੇ ਅਟੁੱਟ ਜ਼ੁਲਮ ਦੇ ਇਤਿਹਾਸ ਵਾਲੀਆਂ ਔਰਤਾਂ ਦੀਆਂ ਚਿੰਤਾਵਾਂ ਦਾ ਵਿਸ਼ਲੇਸ਼ਣ ਕਰਦਾ ਹੈ। ਇਹ ਸੰਕਲਪ ਔਰਤਾਂ ਦੀ ਸਥਿਤੀ ਨੂੰ ਪਿਤਾਪੁਰਖੀ ਵਿਚਾਰਧਾਰਾ ਅਤੇ ਸਾਮਰਾਜਵਾਦੀ ਵਿਚਾਰਧਾਰਾ ਦੁਆਰਾ ਦੂਹਰੇ ਰੂਪ ਵਿਚ ਦਮਨਕਾਰੀ ਵਜੋਂ ਪੇਸ਼ ਕਰਦਾ ਹੈ। ਇਸ ਦੇ ਅਧਿਐਨ ਦੁਆਰਾ ਸਪਸ਼ਟ ਹੁੰਦਾ ਹੈ ਕਿ ਔਰਤਾਂ ਜਮਾਂਦਰੂ ਨਾਜ਼ੁਕ ਜਾਂ ਭਾਵੁਕ ਨਹੀਂ ਹੁੰਦੀਆਂ, ਸਗੋਂ ਵੱਖ-ਵੱਖ ਸਭਿਆਚਾਰਕ, ਭਾਵਨਾਤਮਕ ਜਾਂ ਸਰੀਰਕ ਕਾਰਕ ਉਹਨਾਂ ਦੀ ਅਜਿਹੀ ਸਥਿਤੀ ਨੂੰ ਘੜਨ ਵਿਚ ਅਹਿਮ ਹਨ। ਇਸ ਤਰ੍ਹਾਂ ਅਧੀਨਗੀ ਦੇ ਬਸਤੀਵਾਦੀ ਅਤੇ ਪਿਤਾਪੁਰਖੀ ਦੋਵੇਂ ਰੂਪ ਅਟੁੱਟ ਸੰਬੰਧਾਂ ਵਿਚ ਜੁੜੇ ਹੋਏ ਹਨ, ਜੋ ਕਿ ਪੰਜਾਬੀ ਲੋਕਗੀਤਾਂ ਵਿਚ ਔਰਤ ਦੇ ਪਛਾਣ ਸੰਕਟ ਅਤੇ ਉਸ ਦੀ ਮਾਨਸਿਕ ਟੁੱਟ-ਭੱਜ ਲਈ ਜ਼ਿੰਮੇਵਾਰ ਹਨ।

ਲੋਕਗੀਤ ਲੋਕ ਸਾਹਿਤ ਦਾ ਵਿਸ਼ੇਸ਼ ਰੂਪ ਹੈ ਜਿਸ ਨੇ ਕਿਸੇ ਖ਼ਿੱਤੇ ਵਿਸ਼ੇਸ਼ ਦੇ ਸਮਾਜਿਕ, ਆਰਥਿਕ ਅਤੇ ਮਾਨਸਿਕ ਪਸਾਰਾਂ ਨੂੰ ਆਪਣੇ ਵਿਚ ਸਮੋਇਆ ਹੋਇਆ ਹੈ। ਲੋਕ ਕਾਵਿ ਦਾ ਇਹ ਰੂਪ ਜਿਥੇ ਇਕ ਪਾਸੇ ਲੋਕ ਸਮੂਹ ਦੇ ਮਨੋਭਾਵਾਂ, ਵਲਵਲਿਆਂ ਅਤੇ ਜਜ਼ਬਿਆਂ ਦੀ ਤਰਜਮਾਨੀ ਕਰਨ ਪੱਖੋਂ ਵਿਸ਼ੇਸ਼ ਹੈ, ਉਥੇ ਦੂਜੇ ਪਾਸੇ ਸਮਾਜਕ ਪੱਧਰ ’ਤੇ ਪਿੱਤਰਕੀ ਕੀਮਤਾਂ ਅਨੁਸਾਰ ਗੁਜ਼ਰ-ਬਸਰ ਕਰ ਰਹੀਆਂ ਹਾਸ਼ੀਆਗਤ ਧਿਰਾਂ ਦੇ ਸਮਾਜਿਕ ਦਬਾਵਾਂ ਪ੍ਰਤਿ ਪ੍ਰਤਿਰੋਧ ਦੀਆਂ ਵਿਦਰੋਹੀ ਸੁਰਾਂ ਨੂੰ ਸੰਚਾਰਿਤ ਕਰਨ ਵਾਲੇ ਇਕ ਸੁਤੰਤਰ ਸਾਧਨ ਵਜੋਂ ਵੀ ਇਸ ਦੀ ਵਿਸ਼ੇਸ਼ ਭੂਮਿਕਾ ਹੈ। ਪੰਜਾਬੀ ਔਰਤਾਂ ਵੱਲੋਂ ਸਿਰਜੇ ਗਏ ਲੋਕਗੀਤ ਇਸ ਦੀ ਗਵਾਹੀ ਦਿੰਦੇ ਹਨ। ਲੋਕ ਕਾਵਿ ਦੇ ਵੱਖ-ਵੱਖ ਰੂਪਾਕਾਰ ਇਕ ਪਾਸੇ ਸਭਿਆਚਾਰਕ ਮੁੱਲਾਂ ਦੀ ਸਥਾਪਨਾ ਕਰਦੇ ਹਨ ਅਤੇ ਦੂਜੇ ਪਾਸੇ ਇਹਨਾਂ ਦੇ ਵਾਹਕਾਂ ਵਜੋਂ ਭੂਮਿਕਾ ਨਿਭਾਉਂਦੇ ਹਨ। ਲੋਕਗੀਤਾਂ ਦੀ ਇਹ ਰੂਪਾਕਾਰ ਵਿਸ਼ੇਸ਼ਤਾ ਹੈ ਕਿ ਇਹ ਕਿਸੇ ਖ਼ਿੱਤੇ ਵਿਸ਼ੇਸ਼ ਵਿਚ ਸਥਾਪਿਤ ਸਭਿਆਚਾਰਕ ਮੁੱਲਾਂ ਪ੍ਰਤਿ ਲੋਕ ਮਾਨਸਿਕਤਾ ਦੇ ਅੰਤਰ-ਵਿਰੋਧਾਂ ਅਤੇ ਵਿਰੋਧਾਭਾਸ ਨੂੰ ਚਿੰਨ੍ਹਤ ਕਰਦੇ ਹਨ। ਕਿਸੇ ਵੀ ਸਮੇਂ ਸਿਰਜੇ ਗਏ ਲੋਕਗੀਤ ਉਸ ਸਮੇਂ ਦੌਰਾਨ ਸਮਾਜ ਦੀ ਲੋਕ ਮਾਨਸਿਕਤਾ ਅਤੇ ਸਭਿਆਚਾਰਕ ਦ੍ਰਿਸ਼ਾਂ ਦੀ ਸਿਰਜਣਾ ਕਰਦੇ ਹਨ। ਬਸਤੀਵਾਦੀ ਦੌਰ ਵਿਚ ਔਰਤਾਂ ਦੁਆਰਾ ਸਿਰਜੇ ਗਏ ਲੋਕਗੀਤ ਪੰਜਾਬ ਦੇ ਬੰਦ ਸਮਾਜ ਦੀਆਂ ਅੰਦਰੂਨੀ ਪਰਤਾਂ ਨੂੰ ਖੋਲ੍ਹਦੇ ਹਨ। ਇਹਨਾਂ ਗੀਤਾਂ ਦੇ ਅਧਿਐਨ ਨਾਲ ਪੰਜਾਬ ਦੀ ਸਮਾਜਕ ਬਣਤਰ ਅਤੇ ਔਰਤ ਪ੍ਰਤਿ ਉਸ ਦੀ ਖ਼ਾਸ ਕਿਸਮ ਦੀ ਲੋਕ ਮਾਨਸਿਕਤਾ ਦੀ ਅਨੁਭੂਤੀ ਹੁੰਦੀ ਹੈ।[4]

ਬਸਤੀਵਾਦੀ ਦੌਰ ਦੇ ਗੀਤ ਇਤਿਹਾਸਕ ਤੌਰ ’ਤੇ ਮੂਲੋਂ ਹੀ ਵਿਸਾਰੇ ਗਏ ਦਮਿਤ ਅਤੇ ਦਰਕਿਨਾਰ ਧਿਰਾਂ ਦੀ ਸਥਿਤੀ ਦਾ ਪ੍ਰਗਟਾਵਾਂ ਬੇਬਾਕੀ ਨਾਲ ਕਰਦੇ ਹਨ। ਭਾਰਤੀ ਸਮਾਜ ਵਿਚ ਹਾਸ਼ੀਏ ’ਤੇ ਵਿਚਰ ਰਹੀਆਂ ਧਿਰਾਂ ਵਿਚ ਕਿਸਾਨ, ਔਰਤ, ਦਲਿਤ ਅਤੇ ਆਦਿਵਾਸੀ ਕਬੀਲੇ ਆਦਿ ਨੂੰ ਸ਼ਾਮਲ ਕੀਤਾ ਜਾਂਦਾ ਹੈ ਜਿਹਨਾਂ ਨੂੰ ਮਾਰਕਸਵਾਦੀ ਚਿੰਤਕ ਐਨਤੋਨੀਓ ਗ੍ਰਾਮਸ਼ੀ ਨੇ ‘ਸਬਾਲਟਰਨ’ ਦੀ ਸੰਗਿਆ ਦਿੱਤੀ ਹੈ। ਗਾਇਤਰੀ ਸਪੀਵਾਕ ਇਨ੍ਹਾਂ ਦਮਿਤ ਧਿਰਾਂ ਦੀ ਚੁੱਪ ਨੂੰ ਮੁਖ਼ਾਤਬ ਹੁੰਦੀ ਹੋਈ ਪ੍ਰਸ਼ਨ ਕਰਦੀ ਹੈ; “ਕੀ ਸਬਾਲਟਰਨ ਬੋਲ ਸਕਦਾ ਹੈ?” ਉਸ ਦੇ ਇਸ ਸਵਾਲ ਪਿੱਛੇ ਸਦੀਆਂ ਤੋਂ ਇਹਨਾਂ ਧਿਰਾਂ ਦੀਆਂ ਆਵਾਜ਼ਾਂ ਨੂੰ ਦਬਾਉਣ ਲਈ ਘੜੇ ਜਾਂਦੇ ਅਜਿਹੇ ਪਿੱਤਰਸੱਤਾਤਮਕ ਵਿਧਾਨ ਕਾਰਜਸ਼ੀਲ ਹਨ ਜਿਹਨਾਂ ਦੇ ਨਤੀਜੇ ਵਜੋਂ ਦਮਿਤਾਂ ਨੇ ਆਪਣੇ ਹੱਕਾਂ ਲਈ ਬੋਲ ਸਕਣ ਦੀ ਸਮਰੱਥਾ ਹੀ ਗਵਾ ਲਈ। ਬਸਤੀਵਾਦੀ ਦੌਰ ਵਿਚ ਇਹਨਾਂ ਹਾਸ਼ੀਆਗਤ ਸਮੂਹਾਂ ਵੱਲੋਂ ਸਿਰਜੇ ਗੀਤਾਂ ਅਤੇ ਕਵਿਤਾਵਾਂ ਵਿਚੋਂ ਉਸ ਸਥਿਤੀ ਦੀ ਪਛਾਣ ਕੀਤੀ ਜਾ ਸਕਦੀ ਹੈ, ਜਿਸ ਰਾਹੀਂ ਹਾਸ਼ੀਏ ’ਤੇ ਵਿਚਰ ਰਹੇ ਇਹ ਸਮਾਜਿਕ ਸਮੂਹ ਬਰਤਾਨਵੀ ਬਸਤੀਵਾਦ ਨੂੰ ਮੁਖ਼ਾਤਬ ਹੁੰਦੇ ਹਨ।

ਇਸ ਸਮੇਂ ਦੇ ਪਿਤਾਪੁਰਖੀ ਸਮਾਜ ਵਿਚ ਔਰਤ ਦੀ ਸਥਿਤੀ ਖ਼ਾਸ ਤੌਰ 'ਤੇ ਪਤੀ ਦੀ ਗ਼ੈਰ ਹਾਜ਼ਰੀ ਵਿਚ ਵਿਆਹੁਤਾ ਔਰਤ ਦੇ ਸੰਦਰਭ ਵਿਚ ਸਹੁਰਾ ਪਰਿਵਾਰ ਦੇ ਅਤਿਆਚਾਰੀ ਰਵੱਈਏ ਨਾਲ ਸੰਬੰਧਤ ਸਰੋਕਾਰਾਂ ਦੀ ਅਭਿਵਿਅਕਤੀ ਅਹਿਮ ਨੁਕਤਾ ਹੈ। ਪਿੱਤਰਕੀ ਸਮਾਜ ਵਿਚ ਪਤੀ ਤੋਂ ਬਿਨਾਂ ਸਹੁਰਾ ਪਰਿਵਾਰ ਵਿਚ ਉਸ ਦੀ ਕਦਰ ਨਹੀਂ ਪੈਂਦੀ। ਪੰਜਾਬੀ ਜਾਗੀਰਦਾਰੀ ਸਮਾਜ ਵਿਚ ਔਰਤ ਦੀ ਸਥਿਤੀ ਦੁਜੈਲੀ ਹੈ ਜਿਸ ਕਾਰਨ ਉਹ ਆਪਣੀ ਹਯਾਤੀ ਨਾਲ ਜੁੜੇ ਅਹਿਮ ਨਿਰਣਿਆਂ ਬਾਰੇ ਰਾਇ-ਮਸ਼ਵਰਾ ਦੇਣ ਤੋਂ ਵਾਂਝੀ ਹੈ ਕਿਉਂਕਿ ਮਰਦਾਵੀਂ ਧੌਂਸ ਉਸ ਦੇ ਫੈਸਲਿਆਂ ਨੂੰ ਆਪਣੀ ਸ਼ਾਨ ਦੇ ਵਿਰੁੱਧ ਸਮਝਦੀ ਹੈ। ਇਹੀ ਕਾਰਨ ਹੈ ਕਿ ਪਤੀ ਦੇ ਨੌਕਰ ਜਾਂ ਸਿਪਾਹੀ ਭਰਤੀ ਹੋਣ ਕਾਰਨ ਔਰਤ ਦੀਆਂ ਭਾਵਨਾਵਾਂ ਨੂੰ ਦਬਾਉਣ ਲਈ ਪ੍ਰਤਿਮਾਨ ਬਣਾਏ ਜਾਂਦੇ ਹਨ ਜਿਸ ਪ੍ਰਤਿ ਸ਼ਿਕਵਾ ਉਹ ਲੋਕਗੀਤਾਂ ਰਾਹੀਂ ਅਭਿਵਿਅਕਤ ਕਰਦੀ ਹੈ:

ਕੱਚੀ ਕਲੀ ਕਚਨਾਰ ਦੀ ਵੇ ਹਾੜਾ, ਕੱਚੀਆਂ ਕਲੀਆਂ ਨਾ ਤੋੜ ਵੇ ਮਾਹੀਆ।
ਜਦ ਮਾਹੀ ਚਲਿਆ ਮੈਂ ਖੜੀ ਸਾਂ ਰਸੋਈ, ਨਣਦ ਖਲੋਤੀ ਕੋਈ ਗੱਲ ਨਾ ਹੋਈ...
ਜਦ ਮਾਹੀ ਚਲਿਆ ਮੈਨੂੰ ਖਾਂਦਾ ਦਾ ਏ ਵਿਹੜਾ, ਮੇਰੀ ਸੱਸ ਕੁਪੱਤੀ ਮੈਨੂੰ ਰੱਖੇਗਾ ਕਿਹੜਾ।
ਜਦ ਮਾਹੀ ਚੱਲਿਆ ਵੇ ਮੈਂ ਤਲਾਂ ਕਰੇਲੇ, ਸਾਨੂੰ ਦੇ ਗਿਆਂ ਜੁਦਾਈਆਂ ਵੇ ਜਵਾਨੀ ਦੇ ਵੇਲੇ।

ਇਸ ਲੋਕਗੀਤ ਵਿਚ ਪੰਜਾਬੀ ਔਰਤ ਦੀ ਇਕਹਿਰੀ ਹੋਂਦ ਨੂੰ ਸਮਾਜ ਵੱਲੋਂ ਨਕਾਰੇ ਜਾਣ ਦੇ ਭਾਵਾਂ ਨੂੰ ਔਰਤ ਦੇ ਨੁਕਤਾ ਨਿਗਾਹ ਤੋਂ ਪੇਸ਼ ਕੀਤਾ ਗਿਆ ਹੈ ਜਿਸ ਵਿਚ ਪਤੀ ਦੇ ਨੌਕਰ ਹੋ ਜਾਣ ਤੋਂ ਬਾਅਦ ਉਹ ਖ਼ੁਦ ਨੂੰ ਲਾਵਾਰਸ ਸਮਝਣ ਲੱਗ ਪੈਂਦੀ ਹੈ। ਸੱਸ ਅਤੇ ਨਣਦ ਦੇ ਦੁਰਵਿਹਾਰ ਕਾਰਨ ਸਹੁਰਾ ਪਰਿਵਾਰ ਉਸ ਲਈ ਸੁਖਾਵਾਂ ਨਹੀਂ ਰਹਿੰਦਾ ਜਿਸ ਕਾਰਨ ਉਸ ਨੂੰ ਬੇਘਰ ਹੋਣ ਦਾ ਅੰਦੇਸ਼ਾ ਵੀ ਸਤਾਉਂਦਾ ਹੈ। ਇਸ ਤੌਖਲੇ ਵਿਚੋਂ ਹੀ ਉਹ ਪਰਦੇਸੀ ਢੋਲ ਨੂੰ ਸੰਬੋਧਿਤ ਹੁੰਦੀ ਹੈ:

ਆਪ ਟੁਰ ਚਲਿਆ ਮਾਹੀ ਵੇ ਸਾਨੂੰ ਛਡ ਚਲਿਆ,
ਅਸੀਂ ਕੀਕਣ ਕੱਟਣੀ ਮਾਹੀ ਵੇ ਬਾਲੜੀ ਵਰੇਸ।
ਸੱਸ ਜੀ ਨੂੰ ਮਾਂ ਕਹੀਂ ਸਹੁਰਾ ਜੀ ਨੂੰ ਪਿਉ ਕਹੀਂ,
ਛੋਟਾ ਦਿਓਰ ਗੋਰੀਏ ਮਾਂ ਜਾਇਆ ਵੀਰ।
ਸੱਸ ਜੀ ਨਾ ਮਾਂ ਬਣੇ ਮਾਹੀ ਵੇ, ਸਹੁਰਾ ਜੀ ਨਾ ਪਿਉ ਬਣੇ
ਛੋਟਾ ਦਿਓਰ ਮਾਹੀ ਵੇ ਸਾਹਮਣਾ ਸ਼ਰੀਕ

ਪੰਜਾਬੀ ਸਭਿਆਚਾਰ ਵਿਚ ਵਿਆਹੁਤਾ ਔਰਤ ਆਪਣੇ ਦਿਲ ਦੀਆਂ ਗੱਲਾਂ ਰੂਹ ਦੇ ਹਾਣੀ ਭਾਵ ਆਪਣੇ ਪਤਨੀ ਨਾਲ ਕਰਨਾ ਲੋਚਦੀ ਹੈ। ਆਪਣੇ ਦਿਲ ਦੇ ਮਹਿਰਮ ਪਤੀ ਦੀ ਗ਼ੈਰ-ਹਾਜ਼ਰੀ ਵਿਚ ਔਰਤ ਆਪਣੀਆਂ ਵੇਦਨਾਵਾਂ ਨੂੰ ਅਭਿਵਿਅਕਤ ਕਰਨ ਲਈ ਚੰਨ-ਤਾਰਿਆਂ ਦਾ ਮਾਨਵੀਕਰਣ ਕਰਦੀ ਹੈ:

ਚੰਨਾ ਵੇ ਤੇਰੀ ਚਾਨਣੀ, ਤਾਰਿਆ ਵੇ ਤੇਰੀ ਲੋ
ਚੰਨ ਪਕਾਵੇ ਰੋਟੀਆਂ, ਤਾਰਾ ਕਰੇ ਰਸੋ।
ਚੰਨ ਦੀਆਂ ਰੋਟੀਆਂ ਮੈਂ ਖਾ ਲਈਆਂ, ਤਾਰੇ ਦੀਆਂ ਰਹਿ ਗਈਆਂ ਦੋ
ਸੱਸ ਨੇ ਮੈਨੂੰ ਆਖਿਆ ਘਿਓ ਵਿੱਚ ਮੈਦਾ ਗੋ, ਘਿਓ ਵਿੱਚ ਮੈਦਾ ਥੋੜ੍ਹਾ ਪਿਆ
ਸੱਸ ਮੈਨੂੰ ਗਾਲ੍ਹੀਆਂ ਕੱਢੇ, ਨਾ ਕੱਢ ਸੱਸੂ ਗਾਲ੍ਹੀਆਂ, ਇਥੇ ਮੇਰਾ ਕੌਣ?

ਇਸ ਲੋਕਗੀਤ ਵਿਚ ਔਰਤ ਪ੍ਰਤਿ ਸੱਸ ਦੇ ਦੁਰਵਿਹਾਰ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪਤੀ ਦੇ ਵਿਜੋਗ ਦੀਆਂ ਪੀੜਾਂ ਅਤੇ ਸਹੁਰੇ ਘਰ ਦਾ ਦੁਰਵਿਵਹਾਰ ਔਰਤ ਦੀਆਂ ਸੱਧਰਾਂ ਨੂੰ ਵਿੰਨ੍ਹਦਾ ਹੈ ਜਿਸ ਦਾ ਝੋਰਾ ਉਸ ਨੂੰ ਅੰਦਰੋਂ-ਅੰਦਰੀ ਘੁਣ ਵਾਂਗੂੰ ਲੱਗ ਕੇ ਉਸ ਦੇ ਚਿਹਰੇ ਦੇ ਨੂਰ ਨੂੰ ਚੂਸ ਲੈਂਦਾ ਹੈ। ਲੋਕਗੀਤਾਂ ਵਿਚ ਪਤੀ-ਪਤਨੀ ਦੇ ਸੰਵਾਦ ਦੀ ਸੰਕਲਪਨਾ ਰਾਹੀਂ ਇਸ ਸਥਿਤੀ ਨੂੰ ਉਜਾਗਰ ਕੀਤਾ ਗਿਆ ਹੈ। ਬਿਰਹਨ ਦੀ ਇਸ ਹਾਲਤ ਤੋਂ ਪਰੇਸ਼ਾਨ ਪਤੀ ਉਸ ਨੂੰ ਪੁੱਛਦਾ ਹੈ:

ਮੈਂ ਤੈਨੂੰ ਪੁੱਛਾਂ ਗੋਰੀਏ, ਰੰਗ ਕੇਹਾ ਵਟਾਇਆ,
ਭਲਾ ਹੀਰੇ ਰੰਗ ਕੇਹਾ ਵਟਾਇਆ।

ਇਸ ਦੇ ਪ੍ਰਤਿਉੱਤਰ ਵਿਚ ਪਰਦੇਸੀ ਪਤੀ ਦੇ ਵਿਜੋਗ ਵਿਚ ਸੰਤਾਪੀ ਔਰਤ ਖ਼ੁਦ ਨੂੰ ਪਰਦੇਸਣ ਦੇ ਰੂਪ ਵਿਚ ਪੇਸ਼ ਕਰਦਿਆਂ ਆਪਣੇ ਦੁੱਖਾਂ-ਤਕਲੀਫ਼ਾਂ ਦਾ ਰੁਦਨ ਕਰਦੀ ਹੈ:

ਇਕ ਪਰਾਈ ਅੰਮੜੀ, ਦੂਜਾ ਵਤਨ ਪਰਾਇਆ
ਭਲਾ ਨੌਕਰਾ ਤੀਜਾ ਤੈਂ ਝੋਰਾ ਸੀ ਲਾਇਆ
ਛੋਡ ਪਰਾਈ ਅੰਮੜੀ, ਤੈਨੂੰ ਲੈ ਚੱਲਾਂ ਨਾਲੇ...
ਨਾ ਛੋਡਾਂ ਪਰਾਈ ਅੰਮੜੀ...ਭਲਾ ਨੌਕਰਾ ਵੇ ਲੋਕੀਂ ਤਾਹਨੇ ਮਾਰੇ

ਉੱਨੀਵੀਂ ਸਦੀ ਦੇ ਅਖੀਰਲੇ ਅੱਧ ਵਿਚ ਪੰਜਾਬ ਉੱਤੇ ਬਰਤਾਨਵੀ ਸ਼ਾਸਨ ਦੇ ਕਾਬਜ਼ ਹੋ ਜਾਣ ਮਗਰੋਂ ਪੰਜਾਬ ਦੇ ਲੋਕਾਂ ਨੂੰ ਆਰਥਕ ਸੰਕਟ ਦਾ ਸਾਹਮਣਾ ਕਰਨਾ ਪਿਆ। ਇਸ ਸੰਕਟਮਈ ਸਥਿਤੀ ਨੇ ਪੰਜਾਬ ਦੀ ਰਹਿਣੀ-ਸਹਿਣੀ ਨੂੰ ਵੱਡੇ ਪੱਧਰ 'ਤੇ ਪ੍ਰਭਾਵਤ ਕੀਤਾ। ਬਹੁਤ ਸਾਰਾ ਧਨ ਕਮਾ ਕੇ ਪਰਤ ਆਉਣ ਦੇ ਪ੍ਰਯੋਜਨ ਨਾਲ ਪੰਜਾਬ ਦੇ ਗੱਭਰੂਆਂ ਨੇ ਵਿਦੇਸ਼ਾਂ ਵਿਚ ਪਰਵਾਸ ਕੀਤਾ ਅਤੇ ਬਰਤਾਨਵੀ ਹਕੂਮਤ ਦੇ ਪੱਖ ਵਿਚ ਵੱਡੀਆਂ ਜੰਗਾਂ ਲੜੀਆਂ। ਇਹਨਾਂ ਜੰਗਾਂ ਵਿਚ ਪੰਜਾਬੀਆਂ ਨੇ ਬੜਾ ਨਾਮਣਾ ਖੱਟਿਆ। ਪਰੰਤੂ ਇਸ ਸਾਰੀ ਕਾਰਗੁਜ਼ਾਰੀ ਵਿਚ ਪੰਜਾਬ ਦੀ ਮੁਟਿਆਰ ਨੇ ਪਤੀ ਦੇ ਵਿਜੋਗ ਵਿਚ ਜਿਸ ਤਰ੍ਹਾਂ ਦੀ ਜ਼ਲਾਲਤ ਹੰਢਾਈ ਹੈ, ਲੋਕਗੀਤ ਉਸ ਦੇ ਹਾਲਾਤਾਂ ਦੀ ਤਰਜਮਾਨੀ ਕਰਦੇ ਹਨ:

ਸੱਸੇ ਭਰੀਓ ਜੁਆਨੀ ਪੁੱਤ ਤੋਰਿਆ, ਨੀ ਪਾਇਆ ਹੰਸਾਂ ਦਾ ਵਿਛੋੜਾ
ਗਰੀਬੀ ਦਾਵੇ ਦਾ ਖਾ ਨੀ ਲੈਂਦੇ, ਸੱਸੇ ਪਹਿਨ ਲੈਂਦੇ ਨੀ ਥੋੜ੍ਹਾ
ਨੂੰਹੇਂ ਭਰੀਓ ਜੁਆਨੀ ਪੇਕੇ ਕੱਟ ਲੈ, ਨੀ ਪੁੱਤ ਦੰਮ ਕਮਾਕੇ ਲਿਆਵੇ
ਭੈਣਾਂ ਦਾ ਕਰਨਾ ਨੀ ਕਾਜ, ਸਤਮੰਜਲਾ ਮਹਿਲ ਨੀ ਚਿਣਾਵੇ
ਸੱਸੇ ਸਤਮੰਜਲਾ ਤੇਰਾ ਮਹਿਲ ਨੀ, ਨੀ ਵੱਸੇਗਾ ਕਿਹੜਾ
ਮੈਂ ਮਰ ਜਾਣਾ ਮਹੁਰਾ ਖਾ ਕੇ, ਨੀ ਸੁੰਨਾ ਰਹਿਜੂਗਾ ਵਿਹੜਾ
ਨੂੰਹੇਂ ਐਡਾ ਨਾ ਕਰੀ ਗੁਮਾਨ, ਨੀ ਪੁੱਤ ਵਿਆਹ ਲਊਂ ਦੁਬਾਰਾ
ਤੇਰੇ ਵਰਗੀਆਂ ਬਥੇਰੀਆਂ ਨੀ, ਮੇਰੇ ਪੁੱਤ ਲਈ ਮੁਟਿਆਰਾਂ....

ਇਸ ਲੋਕਗੀਤ ਵਿਚ ਸੱਸ ਅਤੇ ਨੂੰਹ ਦੀ ਆਪਸੀ ਦਲੀਲਬਾਜ਼ੀ ਰਾਹੀਂ ਪੰਜਾਬ ਦੀ ਉਸ ਸੰਕਟਮਈ ਆਰਥਕ ਸਥਿਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਜਿਸ ਤੋਂ ਮਜ਼ਬੂਰ ਹੋ ਕੇ ਪੰਜਾਬ ਦੇ ਗੱਭਰੂ ਸੱਤ ਸਮੁੰਦਰੋਂ ਪਾਰ ਗਏ। ਉਹਨਾਂ ਦੇ ਪਰਵਾਸ ਕਰਨ ਦਾ ਮੁੱਖ ਕਾਰਨ ਪੰਜਾਬ ਦੇ ਅਰਥਚਾਰੇ ਵਿਚ ਆਈ ਰਸਾਤਲ ਵਿਚ ਸੰਤੁਲਨ ਕਾਇਮ ਕਰਨਾ ਸੀ। ਇਸ ਗੀਤ ਵਿਚ ਨੂੰਹ ਪਤੀ ਨਾਲ ਪੈ ਗਏ ਵਿਛੋੜੇ ਦੇ ਦਰਦ ਨੂੰ ਨਾ ਸਹਾਰਦੀ ਹੋਈ ਸੱਸ ਨੂੰ ਤਾਹਨੇ ਮਾਰਦੀ ਹੋਈ ਕਹਿੰਦੀ ਹੈ ਕਿ ਗ਼ਰੀਬੀ ਦਾਵੇ ਦਾ ਖਾ ਕੇ ਅਤੇ ਥੋੜਾ ਪਹਿਨ ਕੇ ਵੀ ਹਯਾਤੀ ਦਾ ਪੰਧ ਕੱਟਿਆ ਜਾ ਸਕਦਾ ਹੈ ਪਰੰਤੂ ਦੰਮਾਂ ਦੇ ਲਾਲਚ ਵਿਚ ਪੁੱਤਰ ਨੂੰ ਪਰਦੇਸ ਤੋਰ ਕੇ ਉਸ ਦੀ ਜਵਾਨੀ ਨੂੰ ਮਿੱਟੀ ਵਿਚ ਰੋਲਣਾ ਉਸ ਨਾਲ ਜ਼ਿਆਦਤੀ ਹੈ। ਇਸ ਦੇ ਪ੍ਰਤਿਉੱਤਰ ਵਿਚ ਦਲੀਲ ਕਰਦਿਆਂ ਸੱਸ ਕਹਿੰਦੀ ਹੈ ਕਿ ਨੂੰਹ ਚਾਹੇ ਤਾਂ ਪੇਕੇ ਜਾ ਸਕਦੀ ਹੈ ਕਿਉਂਕਿ ਉਸ ਦੇ ਪੁੱਤਰ ਨੂੰ ਮੁਟਿਆਰਾਂ ਦੀ ਕੋਈ ਕਮੀ ਨਹੀਂ! ਇਥੇ ਸੱਸ ਦਾ ਮੁੱਖ ਮੰਤਵ ਨੂੰਹ ਦੀਆਂ ਭਾਵਨਾਵਾਂ ਨੂੰ ਅੱਖੋਂ-ਓਹਲੇ ਕਰਕੇ ਪੁੱਤਰ ਦੁਆਰਾ ਧਨ ਕਮਾਉਣ, ਭੈਣਾਂ ਦੇ ਕਾਜ ਰਚਾਉਣ ਅਤੇ ਉੱਚੇ ਮਹਿਲ ਚਿਣਾਉਣਾ ਹੈ। ਨੂੰਹ ਪਤੀ ਨੂੰ ਜੰਗ 'ਤੇ ਜਾਣ ਤੋਂ ਰੋਕਣ ਲਈ ਸੱਸ, ਨਣਾਨ, ਜਠਾਣੀ ਅਤੇ ਦਰਾਣੀ ਆਦਿ ਘਰ ਦੀਆਂ ਔਰਤਾਂ ਦੇ ਤਰਲੇ-ਮਿੰਨਤਾਂ ਕਰਦੀ ਭਰੀ ਜਵਾਨੀ ਦੇ ਵਾਸਤੇ ਪਾਉਂਦੀ ਹੈ; ਪਰੰਤੂ ਖ਼ੁਦ ਔਰਤ ਹੋਣ ਦੇ ਬਾਵਜੂਦ ਇਹ ਔਰਤਾਂ ਸਿਪਾਹੀ ਦੀ ਵਹੁਟੀ ਦੀਆਂ ਭਾਵਨਾਵਾਂ, ਵਲਵਲਿਆਂ ਅਤੇ ਵੇਦਨਾਵਾਂ ਨੂੰ ਸਮਝਣ ਤੋਂ ਅਸਮਰਥ ਜਾਪਦੀਆਂ ਹਨ। ਉਹਨਾਂ ਦੇ ਇਸ ਰਵੱਈਏ ਨੂੰ ਲੋਕਗੀਤਾਂ ਵਿਚ ਦੇਖਿਆ ਜਾ ਸਕਦਾ ਹੈ:

ਸੱਸੇ ਪੁੱਤਰ ਨੂੰ ਸਮਝਾ ਲਾਮ ਨੂੰ ਨੌਕਰ ਚੱਲਿਆ ਈ...
ਨੂੰਹੇਂ ਤੂੰ ਕੀ ਬੁੜਬੁੜ ਲਾਈ ਐ ਤੇਰਾ ਕੀ ਲੈ ਕੇ ਚੱਲਿਆ ਈ...
ਨਣਦੇ ਵੀਰੇ ਨੂੰ ਸਮਝਾ ਲਾਮ ਨੂੰ ਨੌਕਰ ਚੱਲਿਆ ਈ
ਭਾਬੀ ਤੂੰ ਕੀ ਬੁੜਬੁੜ ਲਾਈ ਐ ਤੇਰਾ ਕੀ ਲੈ ਕੇ ਚੱਲਿਆ ਈ...
ਜੇਠਾਣੀਏਂ ਦੇਵਰ ਨੂੰ ਸਮਝਾ ਲਾਮ ਨੂੰ ਨੌਕਰ ਚੱਲਿਆ ਈ
ਦਰਾਣੀਏਂ ਤੂੰ ਕੀ ਬੁੜਬੁੜ ਲਾਈ ਐ ਤੇਰਾ ਕੀ ਲੈ ਕੇ ਚੱਲਿਆ ਈ

ਜਦੋਂ ਸੱਸ, ਨਣਦ, ਜਠਾਣੀ ਅਤੇ ਦਰਾਣੀ ਬਿਰਹਨ ਦੀਆਂ ਸਰੀਰਕ ਅਤੇ ਮਾਨਸਕ ਵੇਦਨਾਵਾਂ ਨੂੰ ਫਾਲਤੂ ਕਹਿ ਕੇ ਉਸ ਪ੍ਰਤਿ ਨਿਰਾਦਰ ਦੀ ਭਾਵਨਾ ਜ਼ਾਹਰ ਕਰਦੀਆਂ ਹਨ। ਔਰਤ ਲਈ ਜ਼ਿੰਦਗੀ ਦੀ ਸਭ ਤੋਂ ਵੱਡੀ ਪੂੰਜੀ ਉਸ ਦਾ ਪਤੀ ਹੁੰਦਾ ਹੈ ਜਿਸ ’ਤੇ ਉਹ ਦੁਨੀਆਂ ਦੀ ਹਰ ਸ਼ੈਅ ਨਿਛਾਵਰ ਕਰਨ ਦਾ ਜਿਗਰਾ ਰੱਖਦੀ ਹੈ। ਇਸ ਲਈ ਉਹ ਕਹਿੰਦੀ ਹੈ:

ਦੋ ਵਰ੍ਹਿਆਂ ਪਿੱਛੋਂ ਛੁੱਟੀ ਆਇਆ, ਸਾਨੂੰ ਨੀਲੇ ਨੀਲੇ ਨੋਟ ਦਿਖਾਵੇ ਏ...
ਨੋਟਾਂ ਨੂੰ ਫੂਕਾਂ ਮੈਂ ਹੱਥ ਨਾ ਲਾਵਾਂ, ਸਾਨੂੰ ਸਾਰਾ ਈ ਟੱਬਰ ਸਤਾਵੇ ਏ...
ਜਾਂ ਤਾਂ ਛੱਡ ਦੇ ਨੌਕਰੀ ਵੇ ਸਿੰਘਾ, ਜਾਂ ਸਾਨੂੰ ਮਹੁਰਾ ਵੇ ਲਿਆਦੇ ਵੇ ਏ...

ਇਸ ਲੋਕਗੀਤ ਦੇ ਵਿਸ਼ਲੇਸ਼ਣ ਰਾਹੀਂ ਇਹ ਨੁਕਤਾ ਉਭਰਦਾ ਹੈ ਕਿ ਔਰਤ ਪ੍ਰਤਿ ਪਿੱਤਰਸੱਤਾ ਦੀਆਂ ਜਗੀਰੂ ਰੂੜੀਵਾਦੀ ਸੋਚਾਂ ਅਤੇ ਬਸਤੀਵਾਦੀ ਸ਼ਾਸਨ ਦੀਆਂ ਅਖੌਤੀ ਉਦਾਰਵਾਦੀ ਨੀਤੀਆਂ ਬੇਹੱਦ ਕਰੂਰ ਵਤੀਰਾ ਰੱਖਦੀਆਂ ਹਨ। ਪਰਦੇਸੀ ਪਤੀ ਤੋਂ ਦੂਰ ਹੋਣ ਦੀ ਸਥਿਤੀ ਵਿਚ ਸਮੂਹਕ ਪਰਿਵਾਰਕ ਦਾਇਰੇ ਵਿਚ ਵਿਚਰਦਿਆਂ ਵੀ ਉਹ ਇਕੱਲਤਾ, ਵਿਚਾਰਗੀ ਅਤੇ ਤਣਾਓ ਭਰਿਆ ਜੀਵਨ ਹੰਢਾਉਂਦੀ ਹੈ। ਵਿਆਹੁਤਾ ਔਰਤ ਆਪਣੇ ਮਨੋਭਾਵਾਂ ਨੂੰ ਪਤੀ ਨਾਲ ਸਾਂਝਾ ਕਰਨਾ ਚਾਹੁੰਦੀ ਹੈ। ਇਕ ਪਾਸੇ ਉਹ ਪਤੀ ਤੋਂ ਵਿਛੋੜੇ ਦਾ ਸੰਤਾਪ ਹੰਢਾਉਂਦੀ ਹੈ ਅਤੇ ਦੂਸਰੇ ਪਾਸੇ ਸਮਾਜ ਤੇ ਰਿਸ਼ਤਾ-ਨਾਤਾ ਪ੍ਰਬੰਧ ਵਿਚ ਕਈ ਤਰ੍ਹਾਂ ਦੇ ਸਮੱਸਿਆਕਾਰ ਉਸ ਦੇ ਸਨਮੁਖ ਆ ਖੜ੍ਹਦੇ ਹਨ। ਪੰਜਾਬ ਵਿਚ ਵਿਆਹੁਤਾ ਔਰਤ ਦੀ ਇਹ ਮਾਨਸਿਕਤਾ ਹੈ ਕਿ ਉਹ ਆਪਣੇ ਪਤੀ ਤੋਂ ਬਿਨ੍ਹਾਂ ਵਧੇਰੇ ਖ਼ੁਸ਼ ਨਹੀਂ ਰਹਿ ਸਕਦੀ। ਉਸਨੂੰ ਪਤੀ ਤੋਂ ਬਗ਼ੈਰ ਸਰੀਰਕ ਤੇ ਮਾਨਸਿਕ ਪੀੜਾਂ ਦਾ ਸਾਹਮਣਾ ਕਰਨ ਪੈਂਦਾ ਹੈ। ਪਤੀ ਤੋਂ ਬਿਨ੍ਹਾਂ ਘਰ ਵਿੱਚ ਉਸਦੀ ਪੁੱਛ ਪ੍ਰਤੀਤ ਵੀ ਘੱਟ ਜਾਣ ਦਾ ਖ਼ਦਸ਼ਾ ਹੈ। ਪਤੀ ਤੋਂ ਬਗ਼ੈਰ ਉਸਨੂੰ ਬਾਕੀ ਸਹੁਰੇ ਪਰਿਵਾਰ ਦੇ ਰਿਸ਼ਤਿਆਂ ਨਾਲ ਵੀ ਉਲਝਣਾਂ ਪੈਂਦਾ ਹੈ। ਪਤਨੀ, ਪਤੀ ਤੋਂ ਬਗ਼ੈਰ ਸਹੁਰੇ ਘਰ ਨਾਲੋਂ ਪੇਕੇ ਘਰ ਜ਼ਿਆਦਾ ਖ਼ੁਸ਼ ਰਹਿ ਸਕਦੀ ਹੈ। ਪਤਨੀ ਨੂੰ ਪਤੀ ਤੋਂ ਬਗ਼ੈਰ ਆਰਥਿਕ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਲਈ ਉਹ ਜਾਂ ਉਸਦੇ ਨਾਲ ਜਾਣ ਦੀ ਇੱਛੁਕ ਹੈ ਜਾਂ ਆਪਣੇ ਪੇਕੇ ਜਾਣਾ ਚਾਹੁੰਦੀ ਹੈ।[5]

ਫ਼ੌਜ ਵਿਚ ਸਿਪਾਹੀ ਭਰਤੀ ਹੋ ਜਾਣ ਉਪਰੰਤ ਪਤੀ-ਪਤਨੀ ਦਾ ਵਿਛੋੜਾ ਦੋਹਾਂ ਦਾ ਸੰਤਾਪ ਬਣ ਜਾਂਦਾ ਹੈ। ਵਿਛੋੜੇ ਦਾ ਇਹ ਦਰਦ ਜ਼ਿਆਦਾਤਰ ਔਰਤ ਹੰਢਾਉਂਦੀ ਹੈ, ਭਾਵੇਂ ਪਤੀ ਵੀ ਲਗਾਤਾਰ ਇਸ ਹਿਜਰ ਦੀ ਸੂਲ਼ੀ ਚੜ੍ਹਦਾ ਹੈ। ਪਰੰਤੂ ਉਹ ਪ੍ਰਤੱਖ ਰੂਪ ਵਿਚ ਇਸ ਦਾ ਪ੍ਰਗਟਾਵਾ ਨਹੀਂ ਕਰਦਾ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਮਰਦ ਬਾਹਰਲੇ ਰੁਝੇਵਿਆਂ ਵਿਚ ਰੁਝੇ ਹੋਣ ਕਾਰਨ ਆਪਣੇ ਮਨੋਭਾਵਾਂ ਦੀ ਅਭਿਵਿਅਕਤੀ ਨਹੀਂ ਕਰਦੇ। ਪਰੰਤੂ ਜਾਗੀਰਦਾਰੀ ਅਤੇ ਬਸਤੀਵਾਦੀ ਨਿਜ਼ਾਮ ਵਿਚ ਸਿਪਾਹੀ ਪਤੀ ਦੀ ਇਹ ਤ੍ਰਾਸਦੀ ਹੈ ਕਿ ਵਿਆਹੁਤਾ ਹੋਣ ਦੇ ਬਾਵਜੂਦ ਵੀ ਉਹ ਜਵਾਨੀ ਵੇਲੇ ਪਤੀ-ਪਤਨੀ ਦੇ ਸੰਜੋਗੀ ਪਲਾਂ ਨੂੰ ਮਾਣਨ ਤੋਂ ਬਿਰਵਾ ਰਹਿੰਦਾ ਹੈ। ਇਸ ਤਰ੍ਹਾਂ ਔਰਤ ਦੇ ਨਾਲ-ਨਾਲ ਮਰਦ ਦੀਆਂ ਸਰੀਰਕ ਲੋੜਾਂ ਅਤੇ ਕਾਮੁਕਤਾ ਦਾ ਘਾਣ ਵੀ ਹੁੰਦਾ ਹੈ ਜਿਸ ਦੀ ਪੇਸ਼ਕਾਰੀ ਲੋਕਗੀਤਾਂ ਵਿਚ ਨਾਂਹ ਦੇ ਬਰਾਬਰ ਹੈ। ਲੋਕਗੀਤਾਂ ਵਿਚ ਅਜਿਹੇ ਵੇਰਵੇ ਮਿਲਦੇ ਹਨ, ਜਦੋਂ ਸਿਪਾਹੀ ਦੀ ਵਹੁਟੀ ਦਾ ਜੋਬਨ ਉਸ ਦੀ ਗ਼ੈਰ-ਮੌਜੂਦਗੀ ਵਿਚ ਉਸ ਦਾ ਛੋਟਾ ਭਰਾ ਮਾਣਦਾ ਹੈ:

ਪਲੰਘ ਬਹਿ ਕੇ ਪੁੱਛਦਾ ਰੰਗ ਕਿਉਂ ਬਦਲਾਇਆ,

ਅਸੀਂ ਜੰਮੂ ਨੌਕਰੀ ਤੇ ਤੂੰ ਕਿਉਂ ਰੰਗ ਬਦਲਾਇਆ

ਹਰਨ ਮਿਰਗ ਪਿਆ, ਛੋਟੜਾ ਭਾਈ ਸ਼ੈਤਾਨ,

ਤੇ ਜੋਬਨ ਮੇਰਾ ਉਨ ਮੋਹ ਲਿਆ।

ਇਸ ਲੋਕਗੀਤ ਦੇ ਹਵਾਲੇ ਨਾਲ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪਿੱਤਰਸੱਤਾ ਦੇ ਧਾਰਨੀ ਅਤੇ ਬਰਤਾਨਵੀ ਸ਼ਾਸਨ ਅਧੀਨ ਤਥਾਗਤ ਉਦਾਰਵਾਦੀ ਸਮਾਜ ਵਿਚ ਮਰਦ ਅਤੇ ਔਰਤ ਦੋਵੇਂ ਵਿਆਹੁਤਾ ਜੀਵਨ ਦੇ ਸੰਜੋਗੀ ਪਲਾਂ ਨੂੰ ਹੰਢਾਉਣ ਤੋਂ ਬਿਰਵੇ ਰਹਿੰਦੇ ਹਨ, ਜੋ ਕਿ ਉਹਨਾਂ ਦੀ ਤ੍ਰਾਸਦੀ ਹੋ ਨਿਬੜਦੀ ਹੈ। ਪੰਜਾਬੀ ਸਭਿਆਚਾਰ ਵਿਚ ਅਨੁਸ਼ਾਸਨ ਕਾਇਮ ਕਰਨ ਲਈ ਕੁਝ ਪ੍ਰਤਿਮਾਨ ਸਥਾਪਤ ਕੀਤੇ ਜਾਂਦੇ ਹਨ। ਇਹਨਾਂ ਪ੍ਰਤਿਮਾਨਾਂ 'ਤੇ ਚਲਦਿਆਂ ਪਿੱਤਰਸੱਤਾਤਮਕ ਸਮਾਜਕ ਮੁੱਲਾਂ ਤਹਿਤ ਹਾਸ਼ੀਆਗਤ ਧਿਰਾਂ/ਔਰਤਾਂ ਉੱਤੇ ਕੁਝ ਆਚਰਣਕ ਪ੍ਰਤਿਬੰਧ ਲਗਾਏ ਜਾਂਦੇ ਹਨ। ਅਜਿਹੇ ਪ੍ਰਤਿਬੰਧਾਂ ਕਾਰਣ ਪੰਜਾਬੀ ਸਮਾਜ ਨੂੰ ਇਕ ਟੈੱਬੂ ਸਮਾਜ ਕਿਹਾ ਜਾਂਦਾ ਹੈ। ਜਾਗੀਰਦਾਰੀ ਸਮਾਜ ਵਿਚ ਮਰਦ ਦੀ ਪ੍ਰਮੁੱਖਤਾ ਸਮਾਜਕ, ਆਰਥਕ, ਸਰੀਰਕ ਅਤੇ ਪਰਿਵਾਰਕ ਲੋੜਾਂ ਦੀ ਪੂਰਤੀ ਹਿੱਤ ਉਜਾਗਰ ਹੁੰਦੀ ਹੈ, ਜਦਕਿ ਔਰਤ ਪਤੀ ਦੇ ਰੂਪ ਵਿਚ ਮਰਦ ਤੋਂ ਸੁਹਜ ਅਤੇ ਮਾਨਸਿਕ ਤ੍ਰਿਪਤੀ ਦੀ ਅਕਾਂਖਿਆ ਕਰਦੀ ਹੈ। ਔਰਤ ਪ੍ਰਤੀਕਾਤਮਕ ਰੂਪ ਵਿਚ ਮਰਦ ਤੋਂ ਆਪਣੇ ਸੰਵੇਗਾਂ ਅਤੇ ਸੁਹਜ ਦੀ ਪੂਰਤੀ ਲਈ ਆਸਵੰਦ ਹਨ।

> ਕਾਲੀਏ ਕੋਲੇ ਕਾਲੀਏ ਭੈਣੇਂ, ਕਿਸ ਬਿੱਧ ਹੋ ਗਏ ਰੰਗ ਕਾਲੇ।
> ਜਿਨ੍ਹਾਂ ਨਾਰਾਂ ਦੇ ਕੰਤ ਉੱਠ ਗਏ ਕਾਬਲ, ਇਸ ਬਿੱਧ ਹੋ ਗਏ ਰੰਗ ਕਾਲੇ।

ਇਹ ਲੋਕਗੀਤ ਰਾਹੀਂ ਪਤੀ ਦੀ ਗ਼ੈਰ-ਮੌਜੂਦਗੀ ਵਿਚ ਬਿਰਹਨ ਔਰਤ ਦੇ ਮਨੋਭਾਵਾਂ ਅਤੇ ਵੇਦਨਾਵਾਂ ਦੀ ਅਭਿਵਿਅਕਤੀ ਤੋਂ ਜ਼ਾਹਰ ਹੁੰਦਾ ਹੈ ਕਿ ਔਰਤ ਦੇ ਮਨ ਦਾ ਖੇੜਾ ਪਤੀ ਦੀ ਮੌਜੂਦਗੀ ਵਿਚ ਖਿੜਿਆਂ ਰਹਿੰਦਾ ਹੈ। ਜਦਕਿ ਉਸ ਦੇ ਵਿਛੋੜੇ ਵਿਚ ਨਾਰੀ ਦੀਆਂ ਖ਼ਾਹਿਸ਼ਾਂ ਅਤੇ ਅਰਮਾਨ ਮਧੋਲੇ ਜਾਂਦੇ ਹਨ। ਪਤੀ ਬਾਝੋਂ ਉਸ ਨੂੰ ਘਰ ਸੁੰਨਾ ਅਤੇ ਗਲੀਆਂ ਵਿਰਾਨ ਜਾਪਦੀਆਂ ਹਨ। ਇਸੇ ਲੜੀ ਵਿਚ ਲੋਕਗੀਤਾਂ ਦੇ ਜ਼ਰੀਏ ਔਰਤ ਦੀ ਪਤੀ ਨਾਲ ਵਸਲ ਪ੍ਰਤਿ ਤਾਂਘ ਵੀ ਨੂੰ ਵੀ ਪੇਸ਼ ਕੀਤਾ ਗਿਆ ਹੈ:

> ਆਪ ਤਾਂ ਤੁਰ ਗਿਆ ਪ੍ਰਦੇਸ, ਵੇ ਸਿੰਘ ਜੀ ਰੜੇ ਮਹਿਲ ਚਿਣਾ ਵੇ ਗਿਆ...
> ਨਾ ਵੱਸੇ ਕਦੇ ਆਪ, ਵੇ ਸਿੰਘ ਜੀ ਸ਼ਰੀਕਾਂ ਦੇ ਲੇਖੇ ਚਿਣਾ ਵੇ ਗਿਆ...
>
> ਤੋਤੇ ਮੈਨਾ ਦੀ ਪ੍ਰੀਤ, ਵੇ ਸਿੰਘ ਜੀ ਉਹਨਾਂ ਮੌਜਾਂ
>
> ਵੇ ਸੋਹਣਿਆਂ ਉਹਨਾਂ ਰਸ ਰੰਗ ਮਾਣ ਵੀ ਲਿਆ......
>
> ਦਿਉਰ ਦਰਾਣੀ ਦੀ ਪ੍ਰੀਤ...ਜੇਠ ਜਠਾਣੀ ਦੀ ਪ੍ਰੀਤ
>
> ਵੇ ਸਿੰਘ ਜੀ ਉਹਨਾਂ ਮੌਜਾਂ. ਵੇ ਸੋਹਣਿਆਂ ਉਹਨਾਂ ਰੰਗ ਰਸ ਮਾਣ ਵੀ ਲਿਆ....

ਬਿਰਹਨ ਪਤਨੀ ਆਪਣੇ ਅਜਾਈਂ ਬੀਤ ਰਹੇ ਜੋਬਨ ਦਾ ਦੁਖੜਾ ਪ੍ਰਤੀਕਾਤਮਕ ਰੂਪ ਵਿਚ ਬਿਆਨ ਕਰਦੀ ਹੈ। ਹੇਠਲੇ ਲੋਕਗੀਤ ਵਿਚ ਅੰਬ ਮੁਟਿਆਰ ਦੇ ਜੋਬਨ ਦਾ ਪ੍ਰਤੀਕ ਹੈ, ਜੋ ਕਿ ਪਤੀ ਦੇ ਵਿਛੋੜੇ ਵਿਚ ਢਲਦਾ ਜਾ ਰਿਹਾ ਹੈ:

> ਅੰਬਾਂ ਹੇਠ ਖਲੋਤੀਏ ਲਾੜੀਏ ਹੋ, ਅੰਬਾਂ ਦਾ ਝੜ ਪਿਆ ਬੂਰ ਪੈਂਛੀ।
> ਅੰਬ ਪੱਕੇ ਰੱਸ ਚੋ ਪਿਆ, ਚੂਪਣ ਵਾਲਾ ਰਸੀਆ ਦੂਰ ਪੈਂਛੀ।

ਪਰਦੇਸੀ ਜਾਂ ਸਿਪਾਹੀ ਪਤੀ ਦੇ ਵਿਜੋਗ ਵਿਚ ਗ੍ਰਸੀ ਨਾਰੀ ਦੀ ਪਤੀ ਮਿਲਾਪ ਦੀ ਅਕਾਂਖਿਆ ਨਾਲ ਗੁੰਦੇ ਭਾਵਾਂ, ਹੇਰਵਿਆਂ ਅਤੇ ਵੇਦਨਾਵਾਂ ਦਾ ਸਹਿਜ ਰੂਪ ਵਿਚ ਬਿਆਨ ਕੀਤਾ ਗਿਆ ਹੈ। ਪਿੱਤਰਸੱਤਾ ਅਤੇ ਬਸਤੀਵਾਦ ਦੀ ਖਿੱਚਾਤਾਣੀ ਵਿਚ ਇਕ ਔਰਤ ਕਿਸ ਪੱਧਰ 'ਤੇ ਸਰੀਰਕ ਅਤੇ ਮਾਨਸਕ ਜ਼ਲਾਲਤ ਹੰਢਾਉਂਦੀ ਹੈ; ਸਾਧਾਰਨ ਅਰਥਾਂ ਵਿਚ ਇਸ ਦਾ ਅਨੁਮਾਨ ਵੀ ਨਹੀਂ ਲਗਾਇਆ ਜਾ ਸਕਦਾ। ਉਹ ਵਿਆਹੁਤਾ ਹੋਣ ਦੇ ਬਾਵਜੂਦ ਵੀ ਕੁਆਰਪੁਣਾ ਹੰਢਾਉਂਦੀ ਹੈ। ਭਾਰਤੀ ਅਤੇ ਪੰਜਾਬੀ ਸਮਾਜ-ਸਭਿਆਚਾਰਕ ਸੰਦਰਭਾਂ ਵਿਚ ਇਕ ਔਰਤ ਲਈ ਇਸ ਤੋਂ ਵੱਡੀ ਤ੍ਰਾਸਦੀ ਕੋਈ ਨਹੀਂ, ਕਿਉਂਕਿ ਪਤੀ ਤੋਂ ਬਿਨਾਂ ਔਰਤ ਆਪਣੀ ਇਕਹਿਰੀ ਹੋਂਦ ਦੀ ਕਲਪਨਾ ਵੀ ਨਹੀਂ ਕਰਨਾ ਚਾਹੁੰਦੀ। ਉਹ ਪਤੀ ਦੀ ਹੋਂਦ ਵਿਚ ਹੀ ਖ਼ੁਦ ਨੂੰ ਸੰਪੂਰਨ ਕਬੂਲ ਕਰਦੀ ਹੈ। ਨਾਰੀ ਦੇ ਸੰਦਰਭ ਵਿਚ ਉਸ ਦੀ ਕਾਮੁਕਤਾ, ਸਰੀਰਕ ਲੋੜਾਂ ਅਤੇ ਮਰਦ ਦੀ ਉਸ ਦੇ ਜੀਵਨ ਵਿਚ ਭੂਮਿਕਾ ਨੂੰ ਸਮਝਣਾ ਬੇਹੱਦ ਅਹਿਮ ਨੁਕਤਾ ਹੈ। ਮਿਸਾਲ ਵਜੋਂ ਹੇਠ ਲਿਖੇ ਲੋਕਗੀਤਾਂ ਨੂੰ ਪ੍ਰਸਤੁਤ ਕੀਤਾ ਗਿਆ ਹੈ:

ਵੇਹੜੇ ਤੇ ਸਾਡੇ ਅੰਬਾਂ ਦਾ ਬੂਟਾ, ਵੇ ਨਾਗ ਬੈਠਾ ਵਲ ਪਾ
ਚੁਣ ਅੰਬੀਆਂ ਭਰੀ ਓ ਪਟਾਰੀ, ਚੂਪਣ ਕੇ ਪੱਜ ਆ...
ਕੋਠੇ ਤੇ ਚੜ੍ਹ ਕੇ ਵਾਜਾ ਵੇ ਮਾਰਾਂ, ਸੇਜ ਗਈ ਕੁਮਲਾ ਨੌਕਰਾ
ਹਾਲੀ ਵੀ ਆ ਗਏ ਪਾਲੀ ਵੀ ਆ ਗਏ, ਤੂਹੀਓਂ ਆਇਓਂ ਚਿਰ ਲਾ।
ਇਹ ਜਵਾਨੀ ਚਾਰ ਦਿਹਾੜੇ, ਵੇ ਲਈਏ ਡੱਬੇ ਵਿੱਚ ਪਾ
ਪਿੱਛੋਂ ਲੱਗਾ ਪਿਛੋਤਾ ਨੌਕਰਾ...

ਇਸ ਲੋਕਗੀਤ ਵਿਚ ਕਲੀਆਂ ਨੂੰ ਨਾਰੀ ਦੇ ਕੁਆਰਪੁਣੇ ਅਤੇ ਅੰਬ ਨੂੰ ਉਸ ਦੇ ਜੋਬਨ ਦੇ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਕਲੀਆਂ ਦੀ ਦੂਜੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਦੀ ਖ਼ੁਸ਼ਬੂ ਵਿਰੋਧੀ ਲਿੰਗ ਨੂੰ ਆਕਰਸ਼ਤ ਕਰਦੀ ਹੈ। ਇਸੇ ਕਾਰਨ ਜਸਵੰਤ ਸਿੰਘ ਬਾਜ਼ ਮੁਤਾਬਕ ਦੱਖਣ ਵਿਚ ਔਰਤਾਂ ਕਲੀਆਂ ਤੋਂ ਬਣੇ ਗਜਰੇ ਵਾਲਾਂ ਵਿਚ ਲਗਾਉਂਦੀਆਂ ਹਨ। ਔਰਤ ਕਲੀਆਂ ਨੂੰ ਚੁਗ-ਚੁਗ ਇਕੱਠੀਆਂ ਕਰਕੇ ਆਪਣੀ ਸੇਜ ਸਜਾਉਂਦੀ ਹੈ। ਉਹ ਅਕਾਂਖਿਆ ਕਰਦੀ ਹੈ ਕਿ ਪਿਆਰਾ ਇਸ ਉੱਤੇ ਸੌਣ ਦੇ ਬਹਾਨੇ ਨਾਲ ਆਵੇ। ਪਰੰਤੂ ਜਦੋਂ ਉਹ ਨਹੀਂ ਬਹੁੜਦਾ ਤਾਂ ਬਿਰਹਨ ਉਦਾਸ ਹੋ ਜਾਂਦੀ ਹੈ। ਇਸ ਤਰ੍ਹਾਂ ਇਥੇ ਬਿਰਹਨ ਦੇ ਪ੍ਰਸੰਗ ਵਿਚ ਪਿਆਰੇ ਪ੍ਰਤਿ ਉਸ ਦੇ ਵਸਲ ਦੀ ਤਾਂਘ ਅਤੇ ਵਿਛੋੜੇ ਦੇ ਦਰਦ ਨੂੰ ਬੇਹੱਦ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਇਹਨਾਂ ਗੀਤਾਂ ਵਿਚ ਬਿਰਹਨ ਦੀ ਕਾਮੁਕਤਾ ਅਤੇ ਜੋਬਨ ਰੁੱਤੇ ਉਸ ਦੀਆਂ ਸਰੀਰਕ ਜ਼ਰੂਰਤਾਂ ਨੂੰ ਪ੍ਰਤੀਕਾਤਮਕ ਰੂਪ ਵਿਚ ਅਭਿਵਿਅਕਤ ਕੀਤਾ ਗਿਆ ਹੈ। ਇਹ ਗੀਤ ਉਸ ਮੁਟਿਆਰ ਔਰਤ ਦੀ ਮਾਨਸਿਕਤਾ ਨੂੰ ਪ੍ਰਗਟਾਉਂਦੇ ਹਨ ਜੋ ਆਪਣੇ ਮਨੋਭਾਵਾਂ ਦੀ ਦਾਸਤਾਂ ਪ੍ਰਤੀਕਮਈ ਢੰਗ ਨਾਲ ਮਰਦ ਨੂੰ ਸਮਝਾ ਰਹੀ ਹੈ।

ਜੋਬਨ ਰੁੱਤੇ ਪਤੀ ਦੇ ਵਿਜੋਗ ਵਿਚ ਸੰਤਾਪੀ ਔਰਤ ਦਾ ਕਿਸੇ ਗ਼ੈਰ-ਮਰਦ ਵੱਲ ਆਕਰਸ਼ਤ ਹੋਣ ਦਾ ਭਾਵ ਉਸ ਦੀਆਂ ਅਤ੍ਰਿਪਤ ਸਰੀਰਕ ਲੋੜਾਂ ਅਤੇ ਕਾਮੁਕ ਭਾਵਨਾਵਾਂ ਦੀ ਅਪੂਰਤੀ ਵਿਚੋਂ ਉਤਪੰਨ ਹੋਇਆ ਹੈ। ਉਹ ਲੰਮਾ ਅਰਸਾ ਪਤੀ ਦੇ ਪਰਤ ਆਉਣ ਦੀ ਉਡੀਕ ਵਿਚ ਗੁਜ਼ਾਰਦੀ ਹੈ, ਪਰੰਤੂ ਉਮਰ ਦੇ ਇਕ ਪੜਾਅ ’ਤੇ ਪਹੁੰਚ ਕੇ ਉਸ ਦੇ ਸਬਰ ਦਾ ਬੰਨ੍ਹ ਟੁੱਟ ਜਾਂਦਾ ਹੈ ਅਤੇ ਉਹ ਦਬਵੀਂ ਸੁਰ ਵਿਚ ਸਵੈ-ਚੋਣ ਕਰਨ ਦਾ ਨਿਰਣਾ ਕਰਦੀ ਪ੍ਰਤੀਤ ਹੁੰਦੀ ਹੈ। ਅਜਿਹੀ ਪਰਿਸਥਿਤੀ ਵਿਚ ਔਰਤ ਸਮਾਜਕ ਟੈਬੂਆਂ ਨੂੰ ਉਲੰਘਣ ਦੇ ਨਾਲ-ਨਾਲ ਸਭਿਆਚਾਰਕ ਪ੍ਰਤਿਮਾਨਾਂ ਦਾ ਵਿਰੋਧ ਕਰਦੀ ਵੀ ਨਜ਼ਰ ਆਉਂਦੀ ਹੈ। ਔਰਤ ਦੀ ਇਸ ਨਿਰਣਾਇਕ ਸੁਰ ਦੀ ਪੇਸ਼ਕਾਰੀ ਲੋਕਗੀਤਾਂ ਵਿਚ ਹੋਈ ਹੈ। ਇਹੀ ਕਾਰਨ ਹੈ ਕਿ ਲੋਕਗੀਤ ਔਰਤ ਮਨ ਦੀਆਂ ਅਛੋਹ ਸਿਖ਼ਰਾਂ ਨੂੰ ਅਭਿਵਿਅਕਤ ਕਰਨ ਦਾ ਅਹਿਮ ਸਾਧਨ ਹਨ। ਇਸ ਸੰਦਰਭ ਵਿਚ ਕੁਝ ਲੋਕਗੀਤਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ:

ਨੀ ਅਤਰੇ ਦਾ ਹੋਕਾ, ਨੀ ਗਾਂਧੀ ਦੇ ਨੀ ਗਏ

ਨੀ ਸੁਣ ਨੀ ਨਨਾਣੇ, ਮਾਰੇਂਗੀ ਤਾਹਨੇ, ਨੀ ਅਤਰੇ ਦੀ ਸ਼ੀਸ਼ੀ ਗਾਂਧੀ ਤੋਂ ਲੈ ਨੀ ਲਈਏ

ਨੀ ਜੇ ਗਾਂਧੀ ਬਹਿਣੇ ਨੂੰ ਮੰਗਦਾ, ਨੀ ਚੰਦਨ ਚੌਕੀ ਗਾਂਧੀ ਦੇ ਬਹਿਣੇ ਨੂੰ ਦੇਈਏ...

ਨੀ ਜੇ ਗਾਂਧੀ ਸੌਣੇ ਨੂੰ ਮੰਗਦਾ, ਰੱਤੜਾ ਪਲੰਘ ਗਾਂਧੀ ਦੇ ਸੌਣੇ ਨੂੰ ਡਾਹੀਏ

ਨੀ ਗਾਂਧੀ ਪੁੱਛਣੇ ਲੱਗਾ, ਨੀ ਗਾਂਧੀ ਗਿਛਣੇ ਨੂੰ ਲੱਗਾ, ਘਰ ਦਾ ਵਾਲੀ ਨੀ ਗੋਰੀਏ ਕਿੱਥੇ ਗਿਆ....

ਉਪਰੋਕਤ ਲੋਕਗੀਤ ਵਿਚ ਉਸ ਔਰਤ ਦੇ ਵੇਗ ਨੂੰ ਅਭਿਵਿਅਕਤ ਕੀਤਾ ਗਿਆ ਹੈ ਜੋ ਭਾਵੇਂ ਸਮਾਜ ਦੀਆਂ ਨਜ਼ਰਾਂ ਵਿਚ ਵਿਆਹੁਤਾ ਜੀਵਨ ਬਸਰ ਕਰ ਰਹੀ ਹੈ, ਪਰੰਤੂ ਸਰੀਰਕ ਅਤੇ ਮਾਨਸਿਕ ਪੱਧਰ ’ਤੇ ਉਹ ਅਜੇ ਵੀ ਕੁਆਰੀ ਹੀ ਹੈ। ਵਿਆਹੁਤਾ ਹੋਣ ਦੇ ਬਾਵਜੂਦ ਇਕੱਲਤਾ, ਬੇਚਾਰਗੀ ਅਤੇ ਪਤੀ ਦੇ ਵਸਲ ਤੋਂ ਬਿਰਵੀ ਇਹ ਔਰਤ ਮਾਨਸਿਕ ਪੀੜਾਂ ਹੰਢਾ ਰਹੀ ਹੈ। ਲੋਕਗੀਤਾਂ ਦੇ ਜ਼ਰੀਏ ਔਰਤ ਸਮਾਜ-ਸਭਿਆਚਾਰਕ ਮਰਿਆਦਾਵਾਂ ਅਤੇ ਦਬਾਵਾਂ ਦੀ ਵਿਰੋਧਤਾ ਵੱਲ ਅਗਰਸਰ ਹੁੰਦੀ ਹੈ। ਇਸੇ ਪ੍ਰਸੰਗ ਵਿਚ ਮੁਟਿਆਰ ਨੂੰਹ ਆਪਣੇ ਪਤੀ ਦਾ ਵਿਜੋਗ ਨਾ ਸਹਾਰਦੀ ਹੋਈ ਸੱਸ ਦੇ ਸਾਹਮਣੇ ਭਰੀ ਜਵਾਨੀ ਵਿਚ ਪਤੀ ਦੇ ਪਰਦੇਸ ਚਲੇ ਜਾਣ ਦੀ ਵਿਥਿਆ ਦਾ ਰੁਦਨ ਕਰਦੀ ਹੈ:

ਪੁੱਤਰ ਤੇਰਾ ਸੱਸੇ ਰਾਜੇ ਦਾ ਨੌਕਰ, ਨੀ ਬੇਦਰਦਨੇ ਕਿਸ ਵਲ ਵੇਖ ਮੈਂ ਜੀਵਾਂ?

ਸੱਸ ਵੀ ਇਕ ਔਰਤ ਹੈ ਜਿਸ ਕਾਰਨ ਉਹ ਆਪਣੀ ਨੂੰਹ ਦੀਆਂ ਭਾਵਨਾਵਾਂ ਨੂੰ ਸਮਝਦੀ ਹੈ। ਪਰੰਤੂ ਸੱਸ ਇਹ ਕਦੇ ਨਹੀਂ ਚਾਹੁੰਦੀ ਕਿ ਉਸ ਦੀ ਨੂੰਹ ਭਾਵ ਘਰ ਦੀ ਇੱਜ਼ਤ ਆਪਣੀਆਂ ਕਾਮੁਕ ਭਾਵਨਾਵਾਂ ਅਤੇ ਸਰੀਰਕ ਲੋੜਾਂ ਦੀ ਪੂਰਤੀ ਲਈ ਗ਼ੈਰ-ਮਰਦ ਕੋਲ ਜਾਵੇ। ਇਸ ਸਥਿਤੀ ’ਤੇ ਪੰਜਾਬੀ ਦੀ ਇਕ ਪ੍ਰਸਿੱਧ ਅਖਾਣ; “ਜੇਕਰ ਕੌਲੀ ਦਾ ਘਿਓ ਖਾਲੀ ਥਾਲੀ ਵਿੱਚ ਹੀ ਡੁੱਲ ਜਾਵੇ ਤਾਂ ਕੋਈ ਫ਼ਰਕ ਨਹੀਂ ਪੈਂਦਾ।” ਢੁੱਕਵੀਂ ਹੈ। ਇਸ ਮਾਨਸਿਕਤਾ ਤੋਂ ਪ੍ਰੇਰਿਤ ਸੱਸ ਆਪਣੇ ਘਰ ਦੀ ਨੂੰਹ ਨੂੰ ਦਿਉਰ ਨਾਲ ਸੰਬੰਧ ਬਣਾਉਣ ਲਈ ਉਤਸ਼ਾਹਿਤ ਕਰਦੀ ਹੋਈ ਕਹਿੰਦੀ ਹੈ:

ਨੀ ਦੇਵਰ ਤੇਰਾ ਨੂੰਹੇਂ ਉਸਤੋਂ ਵੀ ਸੋਹਣਾ, ਉਸ ਵੱਲ ਵੇਖ ਤੂੰ ਜੀਵੇਂ।

ਸੱਸ ਦੀ ਉਪਰੋਕਤ ਮਾਨਸਿਕਤਾ ਦੇ ਪ੍ਰਸੰਗ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਸਮਾਜ ਵਿਚ ਅੰਦਰਖਾਤੇ ਅਜਿਹੇ ਸੰਬੰਧ ਆਮ ਰਹੇ ਹਨ। ਦੇਵਰ ਦੇ ਅਰਥ ਹੀ ਦੂਜੇ ਵਰ ਦੇ ਸੰਦਰਭ ਵਿੱਚ ਕੀਤੇ ਜਾਂਦੇ ਹਨ।[6] ਇਸ ਸਥਿਤੀ ਵਿਚ ਭਾਬੀ ਪ੍ਰਤਿ ਦਿਉਰ ਦੇ ਸਕਾਰਾਤਮਕ ਹੁੰਗਾਰੇ ਨੂੰ ਵੀ ਲੋਕਗੀਤਾਂ ਵਿਚ ਅਭਿਵਿਅਕਤ ਕੀਤਾ ਗਿਆ ਹੈ। ਉਦਾਹਰਣ ਵਜੋਂ ਹੇਠ ਲਿਖੇ ਲੋਕਗੀਤ ਨੂੰ ਦੇਖਿਆ ਜਾ ਸਕਦਾ ਹੈ:

ਘੋਲ ਪਤਾਸਾ ਸ਼ਰਬਤ ਕਰੀਏ ਨੀ ਭਾਬੀ, ਲਿਆ ਲੜ ਸਾਲੂ ਦਾ ਪੁਣੀਏ

ਸਾਲੂ ਤਾਂ ਮੇਰਾ ਸਈਆਂ ਦੇ ਵਿਹੜੇ ਵੇ ਦੇਬਰਾ, ਲਿਆ ਲੜ ਚੀਰੇ ਦਾ ਪੁਣੀਏ
ਚੀਰਾਂ ਤਾਂ ਮੇਰਾ ਸਾਧਾਂ ਦੇ ਡੇਰੇ ਨੀ ਭਾਬੀ, ਲਿਆ ਲੜ ਸਾਲੂ ਦਾ ਪੁਣੀਏ

ਚਿੱਟੇ ਚੌਲ ਦੁੱਧ ਮਹੀਂ ਦਾ ਵੇ ਦੇਬਰਾ, ਅੱਜ ਵੇ ਰਸੋਈ ਘਰ ਮੇਰੇ

ਅੱਜ ਦੀ ਰਸੋਈ ਸਾਨੂੰ ਸਾਧਾਂ ਦੇ ਡੇਰੇ ਨੀ ਭਾਬੀਏ, ਭਲਕੇ ਛਕਾਂਗੇ ਘਰ ਤੇਰੇ
ਰੱਤੜਾ ਪਲੰਘ ਰੰਗੀਨ ਪਾਵੇ ਨੀ ਭਾਬੀਏ, ਡਾਹ ਨੀ ਛੱਡੀਂ ਵਿੱਚ ਵਿਹੜੇ
ਟੁੱਟੜੀ ਮੰਜੀ ਵਾਣ ਪੁਰਾਣਾ ਵੇ ਦੇਬਰਾ, ਭੰਨ ਦੇਊਂਗੀ ਵੇ ਪਿਛਵਾੜੇ

ਇਸ ਲੋਕਗੀਤ ਵਿਚ ਮੁਟਿਆਰ ਨੂੰਹ ਦੀਆਂ ਕਾਮੁਕ ਅਤੇ ਸਰੀਰਕ ਲੋੜਾਂ ਦੇ ਭਾਵਾਂ ਨੂੰ ਠਲ੍ਹ ਪਾਉਣ ਲਈ ਪਿਤਾਪੁਰਖੀ ਸਮਾਜ ਪਰਿਵਾਰ ਦੇ ਅੰਦਰ ਉਸ ਨੂੰ ਸੰਬੰਧ ਬਨਾਉਣ ਦੀ ਪ੍ਰਵਾਨਗੀ ਦਿੰਦਾ ਪ੍ਰਤੀਤ ਹੁੰਦਾ ਹੈ। ਇਹਨਾਂ ਗੀਤਾਂ ਵਿਚ ‘ਸਾਲੂ’ ਅਤੇ ‘ਰੱਤੜਾ ਪਲੰਘ’ ਦਾ ਜ਼ਿਕਰ ਆਉਂਦਾ ਹੈ ਜਿਹਨਾਂ ਦਾ ਵਿਆਹੁਤਾ ਜੋੜੇ ਦੇ ਜੀਵਨ ਵਿਚ ਖ਼ਾਸ ਮਹੱਤਵ ਹੈ। ਪਤੀ ਦੀ ਗ਼ੈਰ-ਮੌਜੂਦਗੀ ਵਿਚ ਦਿਉਰ ਨੂੰ ਭਾਬੀਆਂ ਦੀਆਂ ਇਹਨਾਂ ਖ਼ਾਹਿਸ਼ਾਂ ਨੂੰ ਪੂਰਾ ਕਰਨ ਦੇ ਵੇਰਵੇ ਲੋਕਗੀਤਾਂ ਵਿਚ ਮਿਲਦੇ ਹਨ।

ਜਾਗੀਰਦਾਰੀ ਸਮਾਜ ਵਿਚ ਆਰਥਕ ਥੁੜ੍ਹਾਂ ਤੋਂ ਮਜ਼ਬੂਰ ਹੋ ਕੇ ਪੰਜਾਬ ਦੇ ਗੱਭਰੂ ਵਿਦੇਸ਼ਾਂ ਵੱਲ ਰੁਖ਼ ਕਰਦੇ ਹਨ। ਵਿਦੇਸ਼ ਜਾਣ ਦਾ ਇਹ ਰੁਝਾਨ ਵਿਆਹੁਤਾ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੰਦਾ ਹੈ। ਜਦੋਂ ਮੁਟਿਆਰ ਪਤਨੀ ਦਾ ਪਤੀ ਰੁਜ਼ਗਾਰ ਲਈ ਵਿਦੇਸ਼ ਚਲਿਆ ਜਾਂਦਾ ਹੈ ਤਾਂ ਉਸ ਦੀ ਅਣਹੋਂਦ ਵਿਚ ਪਤਨੀ ਦਾ ਆਪਣੀਆਂ ਸਰੀਰਕ ਲੋੜਾਂ ਦੀ ਅਪੂਰਤੀ ਹਿੱਤ ਗ਼ੈਰ-ਮਰਦ ਵੱਲ ਆਕਰਸ਼ਤ ਹੋ ਜਾਣਾ ਸੁਭਾਵਕ ਹੈ। ਇਸ ਸਮੇਂ ਜਦੋਂ ਔਰਤ ਵਿਛੋੜੇ ਦਾ ਸੰਤਾਪ ਹੰਢਾਉਂਦੀ ਹੈ ਤਾਂ ਸਮਾਜ ਉਸ ਦੀ ਇਸ ਹਾਲਤ ’ਤੇ ਬਿਲਕੁਲ ਚੁੱਪ ਹੈ। ਜਾਗੀਰਦਾਰੀ ਸਮਾਜ ਵਿੱਚ ਔਰਤ ਵਿਛੋੜੇ ਦਾ ਸੰਤਾਪ ਹੰਢਾਵੇ ਉਹ ਤਾਂ ਸਮਾਜ ਨੂੰ ਮਨਜ਼ੂਰ ਹੈ, ਪਰ ਜੇਕਰ ਮਰਿਆਦਾ ਭੰਜਨ ਕਰੇ ਤਾਂ ਸਮਾਜ ਉਸ ਪ੍ਰਤੀ ਨਾ-ਮੁਖੀ ਰਵੱਈਆ ਧਾਰਨ ਕਰ ਲੈਂਦਾ ਹੈ। ਕੁਦਰਤੀ ਲੋੜਾਂ ਅਨੁਸਾਰ ਔਰਤ ਦਾ ਅਜਿਹਾ ਵਿਹਾਰ ਸੁਭਾਵਿਕ ਹੈ, ਪਰ ਇਹ ਸਮਾਜ ਨੂੰ ਪ੍ਰਵਾਨ ਨਹੀਂ। ਮਰਦ, ਔਰਤ ਨੂੰ ਛੱਡ ਕੇ ਜਾਣ ਤੇ ਦੋਸ਼ੀ ਸਾਬਤ ਨਹੀਂ ਹੁੰਦਾ। ਸਮਾਜ ਅਤੇ ਮਰਦ ਹਉਮੈਂ ਉਸ ਨੂੰ ਦੋਸ਼ੀ ਨਹੀਂ ਪ੍ਰਵਾਨਦੇ। ਪਰ ਔਰਤ ਦਾ ਮਾਨਸਿਕ ਦੁਖਾਂਤ ਕੋਈ ਨਹੀਂ ਸਮਝਦਾ। ਉਸ ਦੀਆਂ ਅਤ੍ਰਿਪਤ ਭਾਵਨਾਵਾਂ ਕੋਈ ਨਹੀਂ ਸੁਣਨਾ ਚਾਹੁੰਦਾ, ਪਰ ਅਜਿਹੀਆਂ ਭਾਵਨਾਵਾਂ ਨੂੰ ਲੋਕਧਾਰਾ ਨੇ ਬੜੀ ਸ਼ਿੱਦਤ ਨਾਲ ਸਾਂਭਿਆ ਹੈ।[7] ਜਦੋਂ ਵਿਆਹੁਤਾ ਔਰਤ ਪਰਦੇਸੀ ਪਤੀ ਦੇ ਹਿਜਰ ਦਾ ਸੰਤਾਪ ਹੰਢਾਉਂਦੀ ਹੈ ਤਾਂ ਸਮਾਜ ਉਸ ਦੀ ਇਸ ਸਥਿਤੀ ’ਤੇ ਕੋਈ ਪ੍ਰਤਿਕਰਮ ਜ਼ਾਹਰ ਨਹੀਂ ਕਰਦਾ। ਪਰੰਤੂ ਸਰੀਰਕ ਲੋੜਾਂ ਦੀ ਅਪੂਰਤੀ ਵਸ ਮਜ਼ਬੂਰ ਔਰਤ, ਜਿਉਂ ਹੀ ਪਰਾਏ ਮਰਦ ਨਾਲ ਸੰਬੰਧਾਂ ਵਿਚ ਬੱਝ ਜਾਂਦੀ ਹੈ ਤਾਂ ਸਮੁੱਚਾ ਸਮਾਜ ਉਸ ਦੇ ਵਿਰੋਧ ਵਿਚ ਜਾ ਖੜ੍ਹਦਾ ਹੈ। ਲੋਕਗੀਤਾਂ ਰਾਹੀਂ ਸਥਾਪਤ ਕਦਰਾਂ-ਕੀਮਤਾਂ ਦਾ ਖੰਡਨ ਔਰਤ ਬੜੀ ਬੇਬਾਕੀ ਨਾਲ ਉੱਚੀ ਸੁਰ ਵਿਚ

ਕਰਦੀ ਹੈ। ਅਜਿਹੀ ਸਥਿਤੀ ਵਿਚ ਉਹ ਨਾਰੀ ਤੋਂ ਡਾਰੀ ਦਾ ਰੂਪ ਵਟਾ ਲੈਂਦੀ ਹੈ। ਪਰਦੇਸੀ ਪਤੀ ਦੇ ਹਿਜਰ ਦੀ ਅੱਗ ਵਿਚ ਸੜਦੀ ਨਾਰੀ ਦੀ ਜਵਾਨੀ ਦਾ ਪਿਤਾ ਪੁਰਖੀ ਕਦਰਾਂ-ਕੀਮਤਾਂ ਦੇ ਧਾਰਨੀ ਸਮਾਜ ਨੂੰ ਕੋਈ ਚੇਤਾ ਨਹੀਂ ਰਹਿੰਦਾ। ਉਹ ਉਸ ਦੀ ਇਸ ਹਾਲਤ ਨੂੰ ਅੱਖੋਂ- ਪਰੋਖੇ ਰੱਖਦਾ ਹੈ। ਇਸ ਦੇ ਪ੍ਰਤਿਕਰਮ ਵਜੋਂ ਨਾਰੀ ਸੰਵੇਦਨਾ ਇਸ ਰੂਪ ਵਿਚ ਉਭਰਦੀ ਹੈ:

ਕੋਈ ਫੜ ਲਉ ਜੀ ਗੰਡਾਸੇ, ਡਾਰੀ ਦੇ ਭੰਨ ਸੁੱਟੋ ਜੀ ਪਾਸੇ

ਐਨੇ ਨਖ਼ਰੇ ਡਾਰੀਏ ਤੈਂ ਕਿਉਂ ਖੇੜੇ, ਕੋਈ ਫੜ ਲਉ ਜੀ ਕੁਹਾੜੀ,

ਕੰਜਰ ਦੀ ਪੁੱਟ ਸੁੱਟੋ ਜੀ ਦਾੜ੍ਹੀ, ਕੰਜਰ ਨੇ ਮੈਂ ਕਿਉਂ ਮਨੋਂ ਨੀ ਵਿਸਾਰੀ।

ਉਪਰੋਕਤ ਗੀਤ ਦੇ ਬੋਲਾਂ ਵਿਚ ਨਾਰੀ ਮਰਦ ਦੀਆਂ ਧਮਕੀਆਂ ਦਾ ਪ੍ਰਤਿਉੱਤਰ ਮਰਦਾਵੀਂ ਸੁਰ ਵਿਚ ਹੀ ਜ਼ਾਹਰ ਕਰਦੀ ਹੈ। ਔਰਤ ਖ਼ੁਦ ਪ੍ਰਤਿ ਪਤੀ ਦੇ ਅਵੇਸਲੇ ਹੋਣ ਦਾ ਅਹਿਸਾਸ ਉਸ ਨੂੰ ਕਰਵਾਉਣਾ ਚਾਹੁੰਦੀ ਹੈ।

ਪੰਜਾਬੀ ਸਮਾਜ ਮਰਦ ਪ੍ਰਧਾਨਤਾ ਦਾ ਧਾਰਨੀ ਹੈ ਜਿਥੇ ਔਰਤਾਂ ਨੂੰ ਪਾਬੰਦੀਆਂ ਦੇ ਜਾਲ ਵਿਚ ਬੰਨ੍ਹ ਕੇ ਰੱਖਿਆ ਜਾਂਦਾ ਹੈ। ਪੰਜਾਬੀ ਸਮਾਜ ਵਿਚ ਔਰਤ ਜਨਮ ਤੋਂ ਲੈ ਕੇ ਮਰਨ ਤੱਕ ਲਗਾਤਾਰ ਸਭਿਆਚਾਰਕ ਦਬਾਵਾਂ ਹੇਠ ਬਸਰ- ਬੁਰਦਨ ਕਰਦੀ ਹੈ। ਸਮਾਜ ਉਸ ਦੇ ਖ਼ਿਆਲਾਂ ਨੂੰ ਬੇੜੀਆਂ ਵਿਚ ਜਕੜ ਕੇ ਰੱਖਦਾ ਹੈ ਜਿਸ ਕਾਰਨ ਉਹ ਆਪਣੀਆਂ ਭਾਵਨਾਵਾਂ ਨੂੰ ਕਿਸੇ ਅੱਗੇ ਬਿਆਨ ਨਹੀਂ ਕਰ ਸਕਦੀ। ਇਸ ਲਈ ਲੋਕਗੀਤ ਨਾਰੀ ਲਈ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਉਹ ਆਪਣੇ ਦਬਾਏ ਗਏ ਭਾਵਾਂ, ਵੇਦਨਾਵਾਂ ਅਤੇ ਤੜ੍ਹਪ ਆਦਿ ਨੂੰ ਖੁੱਲ੍ਹ ਕੇ ਵਿਅਕਤ ਕਰਦੀ ਹੈ। ਔਰਤ ਲੋਕ ਸਾਹਿਤ ਦੇ ਵੱਖੋ-ਵੱਖਰੇ ਰੂਪਾਂ ਦੁਆਰਾ ਸਮਾਜ ਵਿਚ ਔਰਤ ਵਿਰੋਧੀ ਸੋਚ ਅਤੇ ਸਭਿਆਚਾਰਕ ਮੁੱਲਾਂ ਦੇ ਵਿਰੁੱਧ ਆਪਣਾ ਪ੍ਰਤਿਕਰਮ ਜ਼ਾਹਰ ਕਰਦੀ ਹੈ।

## Works Cited


1. ਯਾਦਵਿੰਦਰ ਸਿੰਘ, 'ਉਤਰਬਸਤੀਵਾਦ', ***ਪਰਖ,*** (ਚਿੰਤਨ ਵਿਸ਼ੇਸ਼ ਅੰਕ), ਵੋਲ. 2 (2020) ਪੰਨਾ ਨੰ. 126
2. Bill Ashcroft, Gareth Griffiths and Helen Tiffin, ***Key Concepts in Post-Colonial Studies***, Routledge, 1998, New York., p. 249.
3. Johan McLeod, ***Beginning Postcolonialism***, Manchester University Press, New York, 2000, p. 175.
4. Ania Loomba, ***Colonialism/Postcolonialism***, Routledge, 1998, New York, p. 154.
5. ਜਸਵੰਤ ਸਿੰਘ ਬਾਜ਼, ***ਪੰਜਾਬੀ ਲੋਕ ਗੀਤ ਪੇਸ਼ਕਾਰੀ ਅਤੇ ਵਿਸ਼ਲੇਸ਼ਣ***, ਕੇ. ਜੀ. ਗ੍ਰਾਫਿਕਸ, ਅੰਮ੍ਰਿਤਸਰ, 2015, ਪੰਨਾ ਨੰ. 123.
6. ਜਸਵੰਤ ਸਿੰਘ ਬਾਜ਼, ਉਹੀ, ਪੰਨਾ. ਨੰ. 88.
7. ਉਹੀ, ਪੰਨਾ ਨੰ. 85.